PMIDC
Enabling Urban Infrastructure
Punjab Municipal Infrastructure Development Company (PMIDC),
Plot no : 03, Punjab Municipal Bhawan(5th Floor), Sector- 35A, Chandigarh - 160036, India
Phone : Phone: +91 (172)2619163, 2619160-178

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਘਨੌਰ (ਜਿਲਾ, ਪਟਿਆਲਾ)

ਮੀਮੋ ਨੰ. ਮਿਤੀ.

ਵਿਸ਼ਾ- ਪੰਜਾਬ ਮਿਉਂਸਪਲ ਇੰਫਰਾਂਸਕਟਚਰ ਡਿਵੈਲਪਮੈਂਟ ਫੰਡਜ਼ ਵਿੱਚੋਂ 125.00 ਲੱਖ ਦੀ ਗ੍ਰਾਂਟ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ. 151 ਮਿਤੀ 12.3.2018 ਦੇ ਹਵਾਲੇ ਵਿੱਚ।

ਅਗੇਲਰੀ ਕਾਰਵਾਈ ਕਰਨ ਤੋਂ ਪਹਿਲਾਂ ਨਿਮਨਲਿਖਿਤ ਸੂਚਨਾ /ਸਪੱਸਟੀਕਰਨ/ ਦਸਤਾਵੇਜ ਸਰਕਾਰ ਨੂੰ ਤੁਰੰਤ ਉਪਲੱਬਧ ਕਰਵਾਉਣ ਦੀ ਖੇਚਲ ਕੀਤੀ ਜਾਵੇ।

1) ਘਨੌਰ ਸ਼ਹਿਰ ਵਿਖੇ ਪਾਣੀ ਦੀਆਂ ਪਾਈਪਾਂ ਵਿਛਾਉਣ ਸਬੰਧੀ ਤਿਆਰ ਕੀਤੇ ਗਏ ਤਖਮੀਨੇ ਦੀ ਕਾਪੀ।
2) ਤਿਆਰ ਕੀਤੇ ਗਏ ਤਖਮੀਨੇ ਨੂੰ ਪ੍ਰਵਾਨ ਕਰਨ ਸਬੰਧੀ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੀ ਗਈ ਪ੍ਰਵਾਨਗੀ ਦੀ ਕਾਪੀ।
3) ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੇ ਗਏ ਤਖਮੀਨੇ ਦੇ ਅਧਾਰ ਤੇ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ/ ਸਬੰਧਤ ਸਾਖਾ ਵੱਲੋਂ ਜਾਰੀ ਕੀਤੇ ਗਏ ਟੈਂਡਰ ਦੀ ਕਾਪੀ।
4) ਟੈਂਡਰ ਦੇ ਅਧਾਰ ਤੇ ਠੇਕੇਦਾਰ ਨੂੰ ਕੰਮ ਦੇਣ ਸਬੰਧੀ ਜਾਰੀ ਕੀਤੇ ਗਏ ਹੁਕਮਾਂ ਦੀ ਕਾਪੀ।
5) ਠੇਕੇਦਾਰ ਵੱਲੋਂ ਕੰਮ ਨੂੰ ਮੁਕੰਮਲ ਕਰਨ ਉਪਰੰਤ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ/ ਸਬੰਧਤ ਸਾਖਾ ਵੱਲੋਂ ਜਾਰੀ ਕੀਤੇ ਗਏ ਮੁਕੰਮਲ ਸਰਟੀਫਿਕਟ ਦੀ ਕਾਪੀ।
6) ਪੰਜਾਬ ਸਰਕਾਰ / ਵਿਭਾਗ ਵੱਲੋਂ ਨਿਰਧਾਰਤ ਕੀਤੀ ਪਾਲਸੀ ਅਨੁਸਾਰ ਵਾਟਰ ਸਪਲਾਈ ਦੀਆਂ ਪਾਈਪਾਂ ਨੂੰ ਕਿੰਨੇ ਸਮੇਂ ਬਾਅਦ ਤਬਦੀਲ ਕਰਨਾਂ ਬਣਦਾ ਹੈ ਅਤੇ ਸਬੰਧਤ ਪਾਲਸੀ ਦੀ ਕਾਪੀ।
7) ਜੇਕਰ ਪਾਲਸੀ ਵਿੱਚ ਨਿਰਧਾਰਤ ਕੀਤੇ ਗਏ ਸਮੇ ਤੋਂ ਪਹਿਲਾਂ ਘਨੌਰ ਸ਼ਹਿਰ ਵਿਖੇ ਵਿਛਾਈਆਂ ਗਈਆਂ ਪਾਈਪਾਂ ਨੂੰ ਤਬਦੀਲ ਕਰਨ ਦੀ ਲੋੜ ਹੈ, ਤਾਂ ਇਸ ਦੇ ਕਾਰਨ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ/ ਸਬੰਧਤ ਸਾਖਾ ਦੇ ਜਿਨਾਂ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਪਹਿਲਾਂ ਵਾਟਰ ਸਪਲਾਈ ਦੀਆਂ ਪਾਈਪਾਂ ਨੂੰ ਵਿਛਾਉਣ ਸਬੰਧੀ ਆਪਣੀ ਸਰਕਾਰੀ ਡਿਊਟੀ ਨਿਭਾਈ ਗਈ ਸੀ , ਉਨਾਂ ਦੇ ਨਾਮ ਅਤੇ ਆਹੁਦੇ।

-Sd-
ਜਨਰਲ ਮੈਨੇਜਰ

ਪਿੱਠ ਅੰਕਣ ਨੰ. 6391-92 ਮਿਤੀ : 4/7/18

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸਮਰੂਪ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1) ਇੰਜੀਨੀਅਰ ਇੰਨ ਚੀਫ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
2) ਮੁੱਖ ਇੰਜੀਨੀਅਰ (ਪੂਰਬ) ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਟਿਆਲਾ

ਜਨਰਲ ਮੈਨੇਜਰ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 12637 ਮਿਤੀ: 12.7.18

ਉਪਰੋਕਤ ਦੀ ਨਕਲ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ (ਵ)